# KHALSA PRIMARY SCHOOL

Headteacher: Ms P. K. Sehmi

Volume 6 Issue 4

## Week beginning: 29 September 2014

### Class meetings for parents

Thank you to those parents who attended the parents' meetings last week. We hope you found the meeting and the information pack useful. Some parents were unable to attend, so we have decided to have one general meeting on **Friday 3rd October at 9.10am.** If you were unable to attend last week, please come to the meeting and collect a pack.

### Loom Bands



We have previously allowed children to bring in loom bands. However, we are finding that they are getting in the way of learning and school work. Therefore, we have banned children from bringing in loom bands to school.

### Reception Local visit

On Friday 3rd October, Reception children will be going on a local visit to Norwood Green Park, across the school. Reception children are learning about themselves and their local areas at school this term.

### School Lunch Menu

We would like to inform parents and carers that the school lunch menu has been changed and the new menu has been in place from last week. Please see the new menu displayed in the lobby area or collect a copy from the information rack. Please speak with your child about the options available on the day.




### Nursery & Reception Admissions 2015/14

Admissions for Nursery and Reception 2015/16 are now open for parents to apply. The deadline for both admission groups is **Thursday 15th January**. Please make sure your applications are in on time to avoid disappointment.

eAdmissions Online School Admissions

Parents of current Nursery children will receive packs for Reception admission by the end of the week. On **Tuesday 14th October** there is a Open Morning. The meeting will provide useful information for all parents, and especially those with children in the nursery, as you will receive guidance on how to apply for a Reception place for your child. All Nursery parents **must** attend. **Please note that a current Nursery place does not guarantee a place in Reception September 2015/16. You will need to re-apply.** Please see Mrs. Kaur in the school office for more information.

### Lets get growing! - Morrison's Vouchers

We are collecting Morrison vouchers this term for growing our own vegetables. The more vouchers the school collects, the more seeds and growing equipment we will receive for the school. This is an exciting project for the whole school to get involved in and have our very own vegetable patch. So…please bring all your Morrison vouchers to school and lets get growing!

### Dates for your diary

| Date | Event |
| --- | --- |
| **Wednesday 1st October @ 9am** | **Numeracy meeting for Reception parents** |
| **Friday 3rd October** | **Yr 4 - Guru Hargobind Sahib Ji - Mrs Jatana's Class Assembly** |
| Tuesday 7th & 8th October | School Photographs |
| Friday 10th October | Yr 4 - Guru Arjan Dev Ji - Miss Jutla's Class Assembly |
| W/b 13th October | Black History Week |
| Tuesday 14th October | "Open day" for Nursery & Reception NEW admissions 2015/16 |
| Friday 17th October | Yr 3 – Guru Ram Das Ji – Mrs Bhagrath's Class Assembly |
| Thursday 23rd October | 'Drop in session' with School Nurse |
| Thursday 23rd October | Bandi Chhor Divas |
| Friday 24th October 2014 | Yr 3 – Guru Amar Das Ji – Mrs Lagah's Class Assembly |
| Monday 27th October - Friday 31st October | Half Term |

### Thought of the week

***"Always do your best, what you plant now, you will harvest later."***

### ATTENDANCE



Well done to **Guru Arjun Dev Ji's Class** for achieving best attendance for week ending **26/09/2014**.

### GOLDEN RULES

This week's Golden Rule is **'Remembering God'.**

Children who were awarded for **Caring & Sharing** for week ending **26/09/2014:**







**Year 5:**
Guru Har Krishan Sahib Ji - Diya
Guru Har Rai Sahib Ji - Aman

**Year 4:**
Guru Hargobind Sahib Ji - Harmani
Guru Arjan Dev Ji - Dalbir

**Year 3:**
Guru Ram Das Ji - Maneet
Guru Amar Das Ji –Mannat

**Year 2:**
Guru Nanak Dev Ji - Govinder
Guru Angad Dev Ji - Krishmit

**Year 1:**
Sahibzada Ajit Singh Ji - Abhijot
Sahibzada Jujhar Singh Ji - Harman

**Reception:**
Sahibzada Zorawar Singh Ji - Kavneet
Sahibzada Fateh Singh Ji - Simran

Khalsa Primary School - Norwood Green Road, Southall, Middlesex, UB2 4LA.

**Phone:** 020 8574 9045; **Fax:** 020 8574 0108; **E-mail:** info@khalsa.ealing.sch.uk; **Website:** www.khalsaschool.co.uk

# ਖ਼ਾਲਸਾ ਪ੍ਰਾਇਮਰੀ ਸਕੂਲ

**ਮੁਖ ਅਧਿਆਪਿਕਾ: ਮਿਸ ਪ. ਕ. ਸਹਿਮੀ**

## ਹਫ਼ਤੇ ਦਾ ਅਰੰਭ: ੨੯ ਸਿਤੰਬਰ ੨੦੧੪

ਵਾਲਿਓਮ ੬,
ਇਸ਼ੂ ੪

### ਮਾਪਿਆਂ ਦੀਆਂ ਜਮਾਤੀ ਮੁਲਾਕਾਤਾਂ

ਜਿਹੜੇ ਮਾਪਿਆਂ ਨੇ ਆਪਣੇ ਬਚਿੱਆਂ ਦੀਆਂ ਜਮਾਤਾਂ ਦੀਆਂ ਜਮਾਤੀ ਮੁਲਾਕਾਤਾਂ ਵਿਚ ਭਾਗ ਲਿਆ ਹੈ ਉਨ੍ਹਾਂ ਦਾ ਧਨਵਾਦ ਹੈ।ਅਸੀਂ ਉਮੀਦ ਕਰਦੇ ਹਾਂ ਕਿ ਆਪ ਜੀ ਨੂੰ ਇਹ ਮੁਲਾਕਾਤ ਅਤੇ ਇਸ ਵਿਚ ਮਿਲਿਆ ਪੈਕ ਲਾਭਦਾਇਕ ਲੱਗੇ ਹੋਣਗੇ। ਕੁਝ ਮਾਪੇ ਇਸ ਮੁਲਾਕਾਤ ਵਿਚ ਭਾਗ ਨਹੀਂ ਲੈ ਸਕੇ ਸਨ।ਇਸ ਕਰਕੇ ਅਸੀਂ ਇਕ ਸਾਧਾਰਨ ਮੁਲਾਕਾਤ **ਸ਼ੁਕਰਵਾਰ ੩ ਅਕਤੂਬਰ ੯.੩੦ ਵਜੇ** ਨੂੰ ਕਰਨੀ ਹੈ।ਜੇਕਰ ਤੁਸੀਂ ਪਿਛਲੀ ਮੁਲਾਕਾਤ ਵਿਚ ਭਾਗ ਨਹੀਂ ਲੈ ਸਕੇ ਤਾਂ ਕਿਰਪਾ ਕਰਕੇ ਇਸ ਮੁਲਾਕਾਤ ਵਿਚ ਭਾਗ ਲੈ ਕੇ ਪੈਕ ਪ੍ਰਾਪਤ ਕਰਨਾ ਜੀ।



### ਲੂਮ ਬੈਂਡਜ਼

ਅਸੀਂ ਪਹਿਲਾਂ ਸਕੂਲ ਵਿਚ ਬਚਿੱਆਂ ਨੂੰ ਇਕ ਲੂਮ ਬੈਂਡ ਲਿਆਉਣ ਦੀ ਆਗਿਆ ਦਿੱਤੀ ਸੀ।ਪਰ ਹੁਣ ਅਸੀਂ ਵੇਖਦੇ ਹਾਂ ਕਿ ਇਹ ਲੂਮ ਬੈਂਡਜ਼ ਸਿਖਿਆ ਦੇ ਰਸਤੇ ਵਿਚ ਰੁਕਾਵਟ ਬਣ ਰਹੇ ਹਨ, ਇਸ ਕਰਕੇ ਅਸੀਂ ਇਹ ਸਕੂਲ ਵਿਚ ਲਿਆਓਣ ਦੀ ਮਨਾਹੀ ਕਰ ਰਹੇ ਹਾਂ।

### ਰਿਸੈਪਸ਼ਨ ਦੀ ਸੈਰ

ਸ਼ੁਕਰਵਾਰ ੩ ਅਕਤੂਬਰ ਨੂੰ ਰਿਸੈਪਸ਼ਨ ਜਮਾਤ ਦੇ ਬੱਚੇ ਸਕੂਲ ਦੇ ਸਾਹਮਣੇ ਨੌਰਵੁੱਡ ਪਾਰਕ ਵਿਚ ਸੈਰ ਲਈ ਜਾਣਗੇ।ਇਸ ਟਰਮ ਵਿਚ ਬੱਚੇ ਆਪਣੇ ਆਪ ਅਤੇ ਆਪਣੇ ਆਲੇ ਦੁਆਲੇ ਬਾਰੇ ਸਿੱਖ ਰਹੇ ਹਨ।

### ਸਕੂਲੀ ਭੋਜਨ ਦਾ ਮੀਨੂੰ

ਅਸੀਂ ਮਾਪਿਆਂ ਅਤੇ ਦੇਖਭਾਲ ਕਰਤਾਵਾਂ ਨੂੰ ਜਾਣਕਾਰੀ ਦੇਣਾ ਚਾਹੁੰਦੇ ਹਾਂ ਕਿ ਸਕੂਲੀ ਭੋਜਨ ਦਾ ਮੀਨੂੰ ਪਿਛਲੇ ਹਫ਼ਤੇ ਤੋਂ ਬਦਲ ਗਿਆ ਹੈ ਅਤੇ ਇਸ ਹਫ਼ਤੇ ਤੋਂ ਨਵਾਂ ਤਬਦੀਲ ਹੋਇਆ ਮੀਨੂੰ ਲਾਗੂ ਕਰ ਦਿੱਤਾ ਗਿਆ ਹੈ।ਕਿਰਪਾ ਕਰਕੇ ਨਵਾਂ ਮੀਨੂੰ ਲਾਬੀ ਦੇ ਹਿੱਸੇ ਵਿਚ ਵੇਖਣਾ ਜੀ ਅਤੇ ਜਾਂ ਫਿਰ ਇਨਫਰਮੇਸ਼ਨ ਰੈਕ ਤੋਂ ਇਸ ਦੀ ਇਕ ਕਾਪੀ ਪ੍ਰਾਪਤ ਕਰਨਾ ਜੀ।ਕਿਰਪਾ ਕਰਕੇ ਆਪਣੇ ਬੱਚੇ ਨਾਲ ਇਸ ਬਾਰੇ ਗੱਲਬਾਤ ਕਰਦੇ ਰਹਿਣਾ ਕਿ ਕਿਹੜੇ ਦਿਨ ਉਸਨੇ ਕਿਹੜਾ ਭੋਜਨ ਪਸੰਦ ਕੀਤਾ।




### ੨੦੧੫-੧੬ ਵਿਚ ਨਰਸਰੀ ਅਤੇ ਰਿਸੈਪਸ਼ਨ ਜਮਾਤਾਂ ਦੇ ਦਾਖ਼ਲੇ

੨੦੧੫-੧੬ ਵਿਚ ਨਰਸਰੀ ਅਤੇ ਰਿਸੈਪਸ਼ਨ ਜਮਾਤਾਂ ਦੇ ਦਾਖ਼ਲੇ ਮਾਪਿਆਂ ਲਈ ਖੁਲ੍ਹੇ ਹਨ।ਵੀਰਵਾਰ ੧੫ ਜਨਵਰੀ ਦੋਨਾਂ ਗਰੁਪਾਂ ਲਈ ਆਖ਼ਰੀ ਤਾਰੀਖ਼ ਹੈ।ਨਿਰਾਸ਼ਾ ਤੋਂ ਬਚਣ ਲਈ ਜ਼ਰੂਰੀ ਹੈ ਕਿ ਆਪ ਜੀ ਸਮੇਂ ਸਿਰ ਅਰਜ਼ੀਆਂ ਪੁਜਦੀਆਂ ਕਰਨਾ ਜੀ।

ਮੌਜੂਦਾ ਨਰਸਰੀ ਦੇ ਬੱਚਿਆਂ ਦੇ ਮਾਪਿਆਂ ਨੂੰ ਰਿਸੈਪਸ਼ਨ ਜਮਾਤਾਂ ਦੇ ਦਾਖ਼ਲੇ ਸੰਬੰਧੀ ਪੈਕ ਜਲਦੀ ਹੀ ਦਿੱਤੇ ਜਾਣਗੇ। ਮੰਗਲਵਾਰ ੧੪ ਅਕਤੂਬਰ ਨੂੰ ਖੁਲ੍ਹੀ ਸਵੇਰ ਹੋਵੇਗੀ। ਸਿਤੰਬਰ ੨੦੧੫ ਦੇ ਰਿਸੈਪਸ਼ਨ ਜਮਾਤਾਂ ਦੇ ਦਾਖ਼ਲੇ ਸੰਬੰਧੀ ਸਾਰੇ ਮਾਪਿਆਂ ਅਤੇ ਖ਼ਾਸ ਤੌਰ ਤੇ ਮੌਜੂਦਾ ਨਰਸਰੀ ਦੇ ਬੱਚਿਆਂ ਦੇ ਮਾਪਿਆਂ ਨੂੰ ਰਿਸੈਪਸ਼ਨ ਦੇ ਵਿਚ ਦਾਖ਼ਲਾ ਫਾਰਮ ਭਰਨ ਬਾਰੇ ਵਿਸ਼ੇਸ਼ ਅਤੇ ਮਹਤੱਵਪੂਰਨ ਜਾਣਕਾਰੀ ਦਿੱਤੀ ਜਾਵੇਗੀ ਜੇਕਰ ਤੁਹਾਡਾ ਬੱਚਾ ੨੦੧੪-੨੦੧੫ ਵਿਚ ਰਿਸੈਪਸ਼ਨ ਵਿਚ ਜਾ ਰਿਹਾ ਹੈ। ਨਰਸਰੀ ਦੇ ਸਾਰੇ ਬੱਚਿਆਂ ਦੇ ਮਾਪਿਆਂ ਦਾ ਇਸ ਮੁਲਾਕਾਤ ਵਿਚ ਆਉਣਾ ਲਾਜ਼ਮੀ ਹੈ।**ਕਿਰਪਾ ਕਰਕੇ ਨੋਟ ਕਰਨਾ ਕਿ ਮੌਜੂਦਾ ਨਰਸਰੀ ਦੇ ਬੱਚਿਆਂ ਨੂੰ ੨੦੧੫-੧੬ ਦੀਆਂ ਰਿਸੈਪਸ਼ਨ ਜਮਾਤਾਂ ਵਿਚ ਦਾਖ਼ਲੇ ਦੀ ਗਰੰਟੀ ਨਹੀਂ ਹੈ**। ਆਪ ਸਭ ਨੇ ਦੁਬਾਰਾ ਅਰਜ਼ੀਆਂ ਦੇਣੀਆਂ ਹੋਣਗੀਆਂ। ਵਧੇਰੇ ਜਾਣਕਾਰੀ ਲਈ ਦਫ਼ਤਰ ਵਿਚ ਬੀਬਾ ਕੌਰ ਨਾਲ ਸੰਪਰਕ ਕਰੋ ਜੀ।

### ਚਲੋ! ਇਕਠੇ ਅੱਗੇ ਵਧੀਏ-ਮੌਰੀਸਨ ਦੇ ਵਾਊਚਰ

ਇਸ ਟਰਮ ਵਿਚ ਅਸੀਂ ਅਪਣੀਆਂ ਸਬਜ਼ੀਆਂ ਉਗਾਉਣ ਲਈ ਮੌਰੀਸਨ ਦੇ ਵਾਊਚਰ ਇਕਠੇ ਕਰ ਰਹੇ ਹਾਂ।ਅਸੀਂ ਜਿੰਨੇ ਵੱਧ ਵਾਊਚਰ ਇਕਠੇ ਕਰਾਂਗੇ ਓਨੇ ਹੀ ਵੱਧ ਬੀਜ ਅਤੇ ਸੰਦ ਸਕੂਲ ਲਈ ਪ੍ਰਾਪਤ ਕਰਾਂਗੇ ।ਸਾਰੇ ਸਕੂਲ ਲਈ ਆਪਣਾ ਸਬਜ਼ਬਾਗ ਤਿਆਰ ਕਰਨਾ ਬੜਾ ਉਤਸਾਹ ਵਧਾਉਣ ਵਾਲਾ ਪ੍ਰਾਜੈਕਟ ਹੈ।ਸੋ.... ਕਿਰਪਾ ਕਰਕੇ ਮੌਰੀਸਨ ਦੇ ਆਪਣੇ ਸਾਰੇ ਵਾਊਚਰ ਲਿਆਓ ਅਤੇ ਸਕੂਲ ਨੂੰ ਅੱਗੇ ਵਧਾਓ।

### ਤੁਹਾਡੀ ਡਾਇਰੀ ਲਈ ਤਾਰੀਖ਼ਾਂ




| ਤਾਰੀਖ਼ | ਮਹਤਵ |
|---|---|
| **ਬੁੱਧਵਾਰ ੧ ਅਕਤੂਬਰ ਸਵੇਰੇ ੯ ਵਜੇ** | **ਰਿਸੈਪਸ਼ਨ ਦੇ ਬਚਿਆਂ ਦੇ ਮਾਪਿਆਂ ਦੀ ਮੁਲਾਕਾਤ – ਗਣਿਤ (Numeracy)** |
| **ਸ਼ੁਕਰਵਾਰ ੩ ਅਕਤੂਬਰ** | **ਜਮਾਤੀ ਸਭਾ ਮਿਸਿਜ਼ ਜਟਾਨਾ ਦੀ ਚੌਥੀ ਜਮਾਤ – ਗੁਰੂ ਹਰਗੋਬਿੰਦ ਸਾਹਿਬ ਜੀ ਜਮਾਤ ਵਲੋਂ** |
| ਮੰਗਲਵਾਰ ੭ ਅਤੇ ੮ ਅਕਤੂਬਰ | ਸਕੂਲੀ ਤਸਵੀਰਾਂ |
| ਸ਼ੁਕਰਵਾਰ ੧੦ ਅਕਤੂਬਰ | ਜਮਾਤੀ ਸਭਾ ਮਿਸ ਜਟਲਾ ਦੀ ਚੌਥੀ ਜਮਾਤ – ਗੁਰੂ ਅਰਜਨ ਦੇਵ ਜੀ ਜਮਾਤ ਵਲੋਂ |
| ੧੩ ਅਕਤੂਬਰ ਤੋਂ ਅਰੰਭ ਹਫ਼ਤਾ | ਬਲੈਕ ਹਿਸਟਰੀ ਹਫ਼ਤਾ |
| ਮੰਗਲਵਾਰ ੧੪ ਅਕਤੂਬਰ | ਨਵੇਂ ਦਾਖ਼ਲੇ ੨੦੧੫-੧੬ ਵਾਸਤੇ ਨਰਸਰੀ ਅਤੇ ਰਿਸੈਪਸ਼ਨ ਦੇ ਬਚਿਆਂ ਲਈ "ਖੁਲ੍ਹਾ ਦਿਨ" |
| ਸ਼ੁਕਰਵਾਰ ੧੭ ਅਕਤੂਬਰ | ਗੁਰੂ ਰਾਮਦਾਸ ਜੀ -ਮਿਸਿਜ਼ ਭਾਗਰਥ ਦੀ ਤੀਜੀ ਜਮਾਤ ਦੀ ਜਮਾਤੀ ਸਭਾ |
| ਵੀਰਵਾਰ ੨੩ ਅਕਤੂਬਰ | ਸਕੂਲ ਨਰਸ ਦੀ ਸਕੂਲ ਫੇਰੀ |
| ਵੀਰਵਾਰ ੨੩ ਅਕਤੂਬਰ | ਬੰਦੀ ਛੋੜ ਦਿਵਸ |
| ਸ਼ੁਕਰਵਾਰ ੨੪ ਅਕਤੂਬਰ ੨੦੧੪ | ਗੁਰੂ ਅਮਰਦਾਸ ਜੀ -ਮਿਸਿਜ਼ ਲਗਾਹ ਦੀ ਤੀਜੀ ਜਮਾਤ ਦੀ ਜਮਾਤੀ ਸਭਾ |
| ਸੋਮਵਾਰ ੨੭ ਅਕਤੂਬਰ ਤੋਂ ਸ਼ੁਕਰਵਾਰ ੩੧ ਅਕਤੂਬਰ ਤੱਕ | ਹਾਫ਼ ਟਰਮ |

### ਇਸ ਹਫ਼ਤੇ ਦਾ ਵਿਚਾਰ

"ਆਪਣੇ ਵਲੋਂ ਹਮੇਸ਼ਾਂ ਬਿਹਤਰੀਨ ਯਤਨ ਕਰੋ, ਜੋ ਤੁਸੀਂ ਹੁਣ ਬੀਜੋਗੇ, ਓਹੀ ਤੁਸੀਂ ਵਾਢੀ ਵੇਲੇ ਵਢੋਗੇ।"

### ਹਾਜ਼ਰੀ



੨੯.੦੯.੧੩ ਨੂੰ ਸਮਾਪਤ ਹੋਏ ਹਫ਼ਤੇ ਬਿਹਤਰੀਨ ਹਾਜ਼ਰੀ ਲਈ **ਗੁਰੂ ਹਰ ਅਰਜਨ ਦੇਵ ਜੀ ਜਮਾਤ** ਨੂੰ ਸ਼ਾਬਾਸ਼ ਹੈ।

### ਸੁਨਿਹਰੀ ਅਸੂਲ

ਇਸ ਹਫ਼ਤੇ ਦਾ ਸੁਨਿਹਰੀ ਅਸੂਲ **ਨਾਮ ਜਪਣਾ** ਹੈ। ਬੱਚੇ ਜਿਨ੍ਹਾਂ ਨੂੰ ੨੬/੦੯/੨੦੧੪ ਨੂੰ ਸਮਾਪਤ ਹੋਏ ਹਫ਼ੇ **ਵੰਡ ਛਕਣਾ** ਲਈ ਸਤਿਕਾਰਤ ਕੀਤਾ ਜਾਂਦਾ ਹੈ:

**ਪੰਜਵੀ ਜਮਾਤ:**

ਗੁਰੂ ਹਰ ਕ੍ਰਿਸ਼ਨ ਸਾਹਿਬ ਜੀ – ਦੀਆ
ਗੁਰੂ ਹਰ ਰਾਏ ਸਾਹਿਬ ਜੀ – ਅਮਨ

**ਚੋਥੀ ਜਮਾਤ:**

ਗੁਰੂ ਹਰਗੋਬਿੰਦ ਸਾਹਿਬ ਜੀ – ਹਾਰਮਾਨੀ
ਗੁਰੂ ਅਰਜਨ ਦੇਵ ਜੀ – ਦਲਬੀਰ

**ਤੀਜੀ ਜਮਾਤ:**

ਗੁਰੂ ਰਾਮਦਾਸ ਜੀ – ਮਨੀਤ
ਗੁਰੂ ਅਮਰਦਾਸ ਜੀ – ਮੰਨਤ

**ਦੂਜੀ ਜਮਾਤ:**

ਗੁਰੂ ਨਾਨਕ ਦੇਵ ਜੀ – ਗੋਵਿੰਦਰ
ਗੁਰੂ ਅੰਗਦ ਦੇਵ ਜੀ – ਕ੍ਰਿਸ਼ਮੀਤ

**ਪਹਿਲੀ ਜਮਾਤ:**

ਸ਼ਾਹਿਬਜ਼ਾਦਾ ਅਜੀਤ ਸਿੰਘ ਜੀ – ਅਭਿਜੋਤ
ਸ਼ਾਹਿਬਜ਼ਾਦਾ ਜੁਝਾਰ ਸਿੰਘ ਜੀ – ਹਰਮਨ

**ਰਿਸੈਪਸ਼ਨ**

ਸਾਹਿਬਜ਼ਾਦਾ ਫ਼ਤਿਹ ਸਿੰਘ ਜੀ ਜਮਾਤ – ਕਵਨੀਤ
ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ ਜਮਾਤ – ਸਿਮਰਨ







**Khalsa Primary School - Norwood Green Road, Southall, Middlesex, UB2 4LA.**
**Phone:** 020 8574 9045; **Fax:** 020 8574 0108; **E-mail:** info@khalsa.ealing.sch.uk; **Website:** www.khalsaschool.co.uk